ਰੋਜ਼ਾਨਾ ਸਪੋਕਸਮੈਨ 20/9/26

# ਜੇਨ ਜ਼ੀ ਅਗੇਂਸਟ ਡਰੱਗਜ਼ ਦੇ ਸ਼ਾਨਦਾਰ ਪ੍ਰੋਗਰਾਮ ਤੋਂ ਪਹਿਲਾਂ ਨੌਜਵਾਨਾਂ ਨੇ 300 ਫ਼ੁੱਟ ਲੰਬਾ ਤਿਰੰਗਾ ਫੜ ਕੇ ਕੀਤਾ ਮਾਰਚ



**ਚੰਡੀਗੜ੍ਹ, 19 ਸਤੰਬਰ (ਨਵਿੰਦਰ ਸਿੰਘ ਬੜਿੰਗ) :** ਸ਼ਨੀਵਾਰ ਸ਼ਾਮ ਚੰਡੀਗੜ੍ਹ ਦੇ ਸੈਕਟਰ 17 ਪਲਾਜ਼ਾ ਵਿਖੇ ਚੱਲ ਰਹੀ ਜੇਨ ਜੀ ਅਗੇਸਟ ਡਰਗਜ ਮੁਹਿੰਮ ਤਹਿਤ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਉਲੀਕਿਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਨੌਜਵਾਨਾਂ ਨੇ 300 ਫ਼ੁੱਟ ਲੰਬਾ ਵਿਸ਼ਾਲ ਤਿਰੰਗਾ ਹੱਥਾਂ ਵਿੱਚ ਫੜ ਕੇ ਮਾਰਚ ਕੀਤਾ। ਇਹ ਮਾਰਚ ਪ੍ਰੋਗਰਾਮ ਦੇ ਕਨਵੀਨਰ ਸੰਜੀਵ ਰਾਣਾ ਦੀ ਯੋਗ ਅਗਵਾਈ ਹੇਠ ਕੀਤਾ ਗਿਆ ਜੋ ਲਗਾਤਾਰ ਇਸ ਅੰਦੋਲਨ ਨੂੰ ਮੋਹਰੀ ਹੋ ਕੇ ਚਲਾ ਰਹੇ ਹਨ ਅਤੇ ਨੌਜਵਾਨਾਂ ਦੀ ਭਾਈਵਾਲੀ ਨੂੰ ਸਰਗਰਮ ਕਰ ਰਹੇ ਹਨ। ਨੌਜਵਾਨਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਰਾਣਾ ਨੇ ਨਸ਼ਿਆਂ ਦੀ ਅਲਾਮਤ ਵਿਰੁਧ ਲੜਨ ਅਤੇ ਇਕ ਨਿਰੋਏ ਤੇ ਸੁਰੱਖਿਅਤ ਸਮਾਜ ਦੀ ਸਿਰਜਣਾ ਵਿਚ ਨੌਜਵਾਨ ਪੀੜ੍ਹੀ ਦੇ ਅਹਿਮ ਰੋਲ 'ਤੇ ਜ਼ੋਰ ਦਿਤਾ। ਉਨ੍ਹਾਂ ਪੂਰਾ ਭਰੋਸਾ ਪ੍ਰਗਟਾਇਆ ਕਿ ਇਸ ਮੁਹਿੰਮ ਤਹਿਤ ਕੀਤੇ ਜਾ ਰਹੇ ਲਗਾਤਾਰ ਯਤਨ ਸਮਾਜ ਵਿਚੋਂ ਨਸ਼ਿਆਂ ਦੇ ਕੋਹੜ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਵਿਚ ਵੱਡਾ ਯੋਗਦਾਨ ਪਾਉਣਗੇ ਅਤੇ ਨੌਜਵਾਨਾਂ ਨੂੰ ਇਕ ਸਕਾਰਾਤਮਕ, ਸਿਹਤਮੰਦ ਅਤੇ ਜ਼ਿੰਮੇਵਾਰ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਗੇ। ਇਸ 300 ਫ਼ੁੱਟ ਲੰਬੇ ਤਿਰੰਗੇ ਨੇ ਪ੍ਰੋਗਰਾਮ ਵਿਚ ਦੇਸ਼ ਭਗਤੀ ਦਾ ਅਜਿਹੇ ਰੰਗ ਬੰਨ੍ਹਿਆ। ਜਿਸ ਨੇ ਇਹ ਸਪੱਸ਼ਟ ਸੁਨੇਹਾ ਦਿਤਾ ਕਿ ਨੌਜਵਾਨ ਦੇਸ਼ ਨੂੰ ਬਦਲਣ ਲਈ ਤਿਆਰ ਹਨ। ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਕੁਮਾਰੀ ਰਿਤੂ, ਡਾ. ਨਿਸ਼ਾ ਸਿੰਗਲਾ, ਕੁਮਾਰੀ ਨੀਲਾਕਸ਼ੀ, ਕੁਮਾਰੀ ਸੁਨੀਤਾ, ਕੁਮਾਰੀ ਮੰਜੂ, ਦਿਨੇਸ਼, ਕੁਮਾਰੀ ਮਨਪ੍ਰੀਤ, ਰਵਿੰਦਰ ਸੈਣੀ, ਡਾ. ਨਿਧੀ, ਖੁਸ਼ਵੰਤ, ਅੰਜਨੀ, ਜਗਪਾਲ ਅਤੇ ਕੁਮਾਰੀ ਹਰਪ੍ਰੀਤ ਸਮੇਤ ਮੁਹਿੰਮ ਨਾਲ ਜੁੜੇ 250 ਤੋਂ ਵੱਧ ਵਾਲੰਟੀਅਰ ਅਤੇ ਸਮਰਥਕ ਹਾਜ਼ਰ ਸਨ।

The Tribune 20/9/26

# Flagging drug menace



Youngsters gather around a 300-foot-long Tricolour ahead of the 'Gen Z Against Drugs' event at Sector 17 on Saturday. PHOTO: VICKY